THE PUNJAB STATE BOARD OF TECHNICAL EDUCATION AND INDUSTRIAL TRAINING
PLOT NO. 1-A, SEC. 36-A, CHANDIGARH PH.: 615385, 622584-85 FAX: 660734

No.PSBTE&IT/DA/2018/ 3138

Date:- 30-8-18

ਵੱਲ:

ਸਮੂਹ ਪ੍ਰਿੰਸੀਪਲ
ਸਾਰੀਆਂ ਸਰਕਾਰੀ/ਗੈਰ ਸਰਕਾਰੀ ਬਹੁਤਕਨੀਕੀ
ਅਤੇ ਫਾਰਮੇਸੀ ਸੰਸਥਾਵਾਂ, ਪੰਜਾਬ ਅਤੇ ਚੰਡੀਗੜ੍ਹ ।

ਵਿਸ਼ਾ – **ਸੈਸ਼ਨ 2018-19 ਦੇ ਦਾਖਲਿਆਂ ਸਬੰਧਤ ਆਨ ਲਾਇਨ ਫੀਸ ਰਿਫੰਡ 25-09-2018 ਤੱਕ ਅਪਲਾਈ ਕਰਨ ਸਬੰਧੀ ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਵੀ ਜਾਣੂ ਹੋ ਕਿ ਸੈਸ਼ਨ 2018-19 ਲਈ ਡਿਪਲੋਮਾ ਕੋਰਸਾਂ ਦੀ ਪਹਿਲੀ ਅਤੇ ਦੂਜੀ ਕਾਊਂਸਲਿੰਗ ਖਤਮ ਹੋ ਚੁੱਕੀ ਹੈ । ਆਮ ਤੌਰ ਤੇ ਦੂਜੀ ਕਾਊਂਸਲਿੰਗ ਉਪਰੰਤ ਕੁੱਝ ਵਿਦਿਆਰਥੀਆਂ ਵੱਲੋ ਸੀਟਾਂ ਛੱਡ ਦਿੱਤੀਆਂ ਜਾਂਦੀਆਂ ਹਨ ਅਤੇ ਕੁੱਝ ਵਿਦਿਆਰਥੀਆ ਵੱਲੋ ਵਾਧੂ ਦਾਖਲਾ ਫੀਸ ਜਮ੍ਹਾਂ ਕਰਵਾਈ ਜਾਂਦੀ ਹੈ ਅਤੇ ਕੁੱਝ ਵਿਦਿਆਰਥੀਆ ਦੀ ਸੀਟ ਕੰਨਫਰਮ ਵੀ ਨਹੀ ਹੋ ਸਕਦੀ । ਇਸ ਸੰਬਧੀ ਬੋਰਡ ਦਫਤਰ ਦੇ ਮੌਜੂਦਾ ਨਿਯਮਾਂ ਅਨੁਸਾਰ ਇਹਨਾਂ ਵਿਦਿਆਰਥੀਆ ਲਈ ਫੀਸ ਰਿਫੰਡ ਲਈ ਵੱਖ ਵੱਖ ਕੋਰਸਾਂ ਵਿੱਚ ਦਾਖਲੇ ਲਈ ਤਿਆਰ Prospectus ਦੇ Part 1 Sub Part VII "Refund of Fees"ਅਧੀਨ ਹੇਠ ਅਨੁਸਾਰ ਉਪਬੰਧ ਹੈ:

**Refund of Fees**

*"In the event of a student/candidate surrendering the seat before starting of the course, the admission fee collected from the student after a deduction of the processing fee of not more than Rs. 1000/- shall be refunded. However if a student leaves after joining the course and the seat consequently falls vacant is filled by another candidate by the last date of admission, the fee shall be refunded after making proportionate deductions of fee and hostel rent (where applicable).*

**The request for refund of fee should be made to the Board within 30 days of the end of counseling through online submission of the application in the counseling website No application will be entertained after the stipulated time"**

**ਉਪਰੋਕਤ ਸਬੰਧੀ ਸਬੰਧਤ ਪ੍ਰਿੰਸੀਪਲ ਸਾਹਿਬਾਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ** ਜਿਹਨਾਂ ਸਿਖਿਆਰਥੀਆਂ ਦੁਆਰਾ ਸਾਲ 2018-19 ਦੀ ਆਨ-ਲਾਈਨ ਕਾਉਂਸਲਿੰਗ ਦੇ ਪਹਿਲੇ ਅਤੇ ਦੂਜੇ ਚਰਨ ਦੀ ਕਾਉਂਸਲਿੰਗ ਵਿੱਚ ਭਾਗ ਲਿਆ ਗਿਆ ਸੀ ਅਤੇ ਕਿਸੇ ਵੀ ਕਾਰਨ ਸਿਖਿਆਰਥੀਆਂ ਨੇ ਦਾਖਲਾ ਨਹੀ ਲਿਆ ਜਾਂ ਕਿਸੇ ਕਾਰਨ ਕਰਕੇ ਸਿਖਿਆਰਥੀ ਵੱਲੋ ਫੀਸ ਰਿਫੰਡ ਲਈ ਅਪਲਾਈ ਕੀਤਾ ਜਾਣਾ ਹੈ, ਤਾਂ ਉਹਨਾ ਸਿਖਿਆਰਥੀਆਂ ਦੇ ਹਿਤਾਂ ਨੂੰ ਮੁੱਖ ਰੱਖਦੇ ਹੋਏ, **ਉਹਨਾਂ ਦੀ ਬਣਦੀ ਫੀਸ ਦਾ ਆਨ ਲਾਈਨ ਫੀਸ ਰਿਫੰਡ Prospectus ਦੇ Part 1 Sub Part VII ਅਨੁਸਾਰ ਮਿਤੀ 25-09-2018 ਤੱਕ ਆਨ ਲਾਈਨ ਅਪਲਾਈ ਕਰਵਾ ਲਿਆ ਜਾਵੇ ਜੀ।**

**ਇਸ ਦੇ ਨਾਲ ਸਿਖਿਆਰਥੀਆਂ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ 25-09-2018 ਤੱਕ ਆਨ ਲਾਈਨ ਫੀਸ ਰਿਫੰਡ ਲਈ ਅਪਲਾਈ ਕਰ ਲੈਣ ਅਤੇ ਆਨ ਲਾਈਨ ਫੀਸ ਰਿਫੰਡ ਅਪਲਾਈ ਕਰਨ ਦੀ ਰਸੀਦ (Confirmation Slip) ਭਵਿੱਖ ਵਿੱਚ ਬੋਰਡ ਨਾਲ ਸੰਪਰਕ ਕਰਨ ਵਾਸਤੇ ਸੰਭਾਲ ਲੈਣ ਤਾਂ ਜੋ ਸਿਖਿਆਰਥੀਆਂ ਨੂੰ ਫੀਸ ਦਾ ਰਿਫੰਡ ਲੈਣ ਸਬੰਧੀ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ, ਕਿਉਂ ਕਿ ਬੋਰਡ ਦਫਤਰ ਵਿੱਖੇ ਸੈਸ਼ਨ 2018-19 ਲਈ ਆਫ ਲਾਈਨ ਫੀਸ ਰਿਫੰਡ ਕਰਨ ਦੀ ਕੋਈ ਪਾਲਿਸੀ ਨਹੀ ਹੈ।**

3/8/18

**ਡਾਇਰੈਕਟਰ ਅਕਾਦਮਿਕ**
**ਵਾ: ਸਕੱਤਰ PSBTE&IT**

30.8.18 30/8/18 30.8.18 3/8/18